# ਰਾਸ਼ਟਰੀ ਬਹਾਦਰੀ ਬਾਲ ਪੁਰਸਕਾਰਾਂ ਲਈ 25 ਸਤੰਬਰ ਤੱਕ ਅਰਜ਼ੀਆਂ ਮੰਗੀਆਂ

ਤਰਨਤਾਰਨ, 18 ਸਤੰਬਰ-

ਭਾਰਤੀ ਬਾਲ ਭਲਾਈ ਕੌਂਸਲ (ਇੰਡੀਅਨ ਕੌਂਸਲ ਫਾਰ ਚਾਈਲਡ ਵੈੱਲਫੇਅਰ) ਵੱਲੋਂ ਸਾਲ 2017 ਲਈ ਰਾਸ਼ਟਰੀ ਬਹਾਦਰੀ ਪੁਰਸਕਾਰਾਂ (ਅਵਾਰਡਜ਼) ਲਈ ਯੋਗ ਬਾਲ ਉਮੀਦਵਾਰਾਂ (ਉਮਰ 6 ਤੋਂ 18 ਸਾਲ) ਤੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਅਰਜ਼ੀਆਂ ਭੇਜਣ ਦੀ ਆਖਰੀ ਮਿਤੀ 25 ਸਤੰਬਰ ਹੈ।



ਡਿਪਟੀ ਕਮਿਸ਼ਨਰ ਤਰਨਤਾਰਨ ਸ੍ਰੀ ਪਰਦੀਪ ਕੁਮਾਰ ਸੱਭਰਵਾਲ ਨੇ ਬਾਲ ਭਲਾਈ ਕੌਂਸਲ, ਪੰਜਾਬ ਵੱਲੋਂ ਅਰਜ਼ੀਆਂ ਦੀ ਮੰਗ ਸਬੰਧੀ ਪ੍ਰਾਪਤ ਪੱਤਰ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਭਾਰਤੀ ਬਾਲ ਭਲਾਈ ਕੌਂਸਲ ਵੱਲੋਂ ਇਹ ਪੁਰਸਕਾਰ ਉਨ੍ਹਾਂ ਬੱਚਿਆਂ ਨੂੰ ਦਿੱਤੇ ਜਾਂਦੇ ਹਨ, ਜੋ ਮੁਸ਼ਕਿਲ ਸਮੇਂ ਦਾ ਆਪਣੀ ਬਹਾਦਰੀ ਅਤੇ ਸਿਆਣਪ ਨਾਲ ਮੁਕਾਬਲੇ ਕਰਕੇ ਮਿਸਾਲ ਪੈਦਾ ਕਰਦੇ ਹਨ। ਇਸ ਪੁਰਸਕਾਰ ਵਿੱਚ ਤਮਗਾ, ਪ੍ਰਸੰਸਾ ਪੱਤਰ, ਨਕਦ ਇਨਾਮੀ ਰਾਸ਼ੀ ਅਤੇ ਹੋਰ ਹੌਸਲਾ ਅਫ਼ਜਾਈ ਐਵਾਰਡ ਪ੍ਰਦਾਨ ਕੀਤੇ ਜਾਂਦੇ ਹਨ। ਉਦਾਹਰਨ ਵਜੋਂ ਕਿਸੇ ਬੱਚੇ ਵੱਲੋਂ ਕਿਸੇ ਖ਼ਤਰੇ ਦੀ ਘੜੀ ਦਾ ਮੁਕਾਬਲਾ ਕੀਤਾ ਹੋਵੇ ਜਾਂ ਕਿਸੇ ਸਮਾਜਿਕ ਬੁਰਾਈ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਹੋਵੇ। ਉਪਰੋਕਤ ਘਟਨਾ ਜਾਂ ਬਹਾਦਰੀ 1 ਜੁਲਾਈ, 2016 ਤੋਂ 30 ਜੂਨ, 2017 ਦੇ ਦਰਮਿਆਨ ਦੀ ਹੋਣੀ ਚਾਹੀਦੀ ਹੈ ਅਤੇ ਬਾਲ ਦੀ ਉਮਰ 6 ਤੋਂ 18 ਸਾਲ ਵੀ ਘਟਨਾ ਵਾਲੇ ਦਿਨ ਦੀ ਮੰਨੀ ਜਾਵੇਗੀ।

ਉਨ੍ਹਾਂ ਅੱਗੇ ਦੱਸਿਆ ਕਿ ਯੋਗ ਬਾਲ ਉਮੀਦਵਾਰ ਇਸ ਸੰਬੰਧੀ ਅਰਜ਼ੀ ਫਾਰਮ ਭਾਰਤੀ ਬਾਲ ਭਲਾਈ ਕੌਂਸਲ ਦੇ ਵੱਖ-ਵੱਖ ਦਫ਼ਤਰਾਂ ਤੋਂ ਪ੍ਰਾਪਤ ਕਰ ਸਕਦੇ ਹਨ। ਇਹ ਅਰਜੀ ਫਾਰਮ ਲੋੜੀਂਦੇ ਦਸਤਾਵੇਜ਼ ਨਾਲ ਲਗਾਉਣ ਤੋਂ ਬਾਅਦ ਮਿਤੀ 25 ਸਤੰਬਰ, 2017 ਤੱਕ ਬਾਲ ਭਲਾਈ ਕੌਂਸਲ, ਪੰਜਾਬ, ਤੀਜੀ ਮੰਜਿਲ, ਕਰੁਣਾ ਸਦਨ, ਸੈਕਟਰ-11-ਬੀ, ਚੰਡੀਗੜ੍ਹ ਵਿਖੇ ਪੁੱਜ ਜਾਣੇ ਚਾਹੀਦੇ ਹਨ।

ਇਸ ਸੰਬੰਧੀ ਵਧੇਰੇ ਜਾਣਕਾਰੀ ਲਈ ਈਮੇਲ cwcpunjab0yahoo.com 'ਤੇ ਭੇਜ ਕੇ ਜਾਂ ਫਿਰ ਵੈੱਬਸਾਈਟ www.cwcpunjab.org 'ਤੇ ਲਾਗਇੰਨ ਕਰਕੇ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਬਾਲ ਭਲਾਈ ਕੌਂਸਲ ਦੇ ਦਫ਼ਤਰ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ। ਅਰਜ਼ੀ ਫਾਰਮ ਨਾਲ ਘਟਨਾ ਦੀ ਪ੍ਰਮਾਣਿਕਤਾ ਸੰਬੰਧੀ ਸਬੂਤ ਜਿਵੇਂ ਕਿ ਅਖ਼ਬਾਰਾਂ ਦੀ ਕਟਿੰਗਜ਼, ਐੱਫ. ਆਈ. ਆਰ., ਘਟਨਾ ਦੀ ਤਸਦੀਕ ਅਤੇ ਜਨਮ ਮਿਤੀ ਦਾ ਸਬੂਤ ਲਗਾਉਣਾ ਜ਼ਰੂਰੀ ਹੋਵੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਪੁਰਸਕਾਰਾਂ ਨਾਲ ਦੇਸ਼ ਦੇ ਹੋਰ ਬੱਚਿਆਂ ਨੂੰ ਵੀ ਬਹਾਦਰੀ ਅਤੇ ਸਾਹਸ ਦੇ ਸਿਰ 'ਤੇ ਮੁਸ਼ਕਿਲਾਂ ਦਾ ਸਾਹਮਣਾ ਕਰਨ ਦੀ ਸੇਧ ਮਿਲੇਗੀ।

----------------